# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 15 ਜੁਲਾਈ 2026 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ " ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ) ਵੈਬੀਨਾਰ ਯਾਦਗਾਰੀ ਪੈੜਾਂ ਛੱਡਦਾ ਸਮਾਪਤ ਹੋਇਆ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੇਂਪਟਨ , 15 ਜੁਲਾਈ : ਰਮਿੰਦਰ ਰੰਮੀ ਜੀ ਸੰਸਥਾਪਕ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ , ਬਿਰਹਾ ਦੇ ਸੁਲਤਾਨ " ਸ਼ਿਵ ਕੁਮਾਰ ਬਟਾਲਵੀ " ਨੂੰ ਸਮਰਪਿਤ ਕਾਵਿ ਮਿਲਣੀ 12 ਜੁਲਾਈ 2026 ਨੂੰ ਕਰਾਈ ਗਈ ।ਪ੍ਰੋਗਰਾਮ ਦੀ ਸ਼ੁਰੂਆਤ , ਕਨੇਡਾ ਦੀ ਉੱਘੀ ਕਵਿੱਤਰੀ ਤੇ ਮੰਚ ਦੀ ਸਰਪਰਸਤ , ਸੁਰਜੀਤ ਜੀ ਨੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਰੇ ਮਹਿਮਾਨਾਂ , ਕਵੀ ਸਾਹਿਬਾਨ ਤੇ ਹੋਰ ਸਾਰੀਆ ਸ਼ਖ਼ਸੀਅਤਾਂ ਜੀ ਆਇਆਂ ਕਹਿੰਦਿਆਂ ਕੀਤੀ । ਪਿਆਰਾ ਸਿੰਘ ਕੁੱਦੋਵਾਲ ਜੀ ਨੇ ਇਸ ਕਾਵਿ ਮਿਲਣੀ ਦਾ ਸੰਚਾਲਨ ਕਰਦਿਆਂ ,ਸਭ ਤੋ ਪਹਿਲਾਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਡਰ ਤੇ ਪ੍ਰਬੰਧਕ ਰਮਿੰਦਰ ਵਾਲੀਆ ਨੂੰ ਸੱਦਾ ਦਿੱਤਾ ਤੇ ਉਹਨਾਂ ਨੇ ਆਪਣੀ ਖ਼ੂਬਸੂਰਤ ਨਜ਼ਮ " ਆ ਸ਼ਿਵ ਬਹਿ ਗੱਲਾਂ ਕਰੀਏ "ਨਜ਼ਮ ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ । ਇਸਤੋਂ ਬਾਅਦ , ਲਿੱਲੀ ਸੁਵਰਨ ਜੀ ਨੇ "ਆਪਣੇ ਵੱਖਰੇ ਵੱਖਰੇ ਟੁਕੜੇ "ਅਤੇ "ਕਵਿਤਾ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤੀ । ਕੁਲਦੀਪ ਸ਼ਾਇਰ ( ਚਿਰਾਗ) ਜੀ ਨੇ ਵੀ ਖ਼ੂਬਸੂਰਤ ਸ਼ੇਅਰ , " ਕਰਨਗੇ ਲੋਕ ਫੈਸਲਾ ਆਖ਼ਰ ਤੁਰ ਜਾਣ ਦੇ ਪਿੱਛੋਂ ਕਿ ਸ਼ਹਾਦਤ ਹੋਈ ਹੈ ਮੇਰੀ ਕਿ ਮੇਰਾ ਮਰਨ ਹੋਇਆ ਹੈ " ਸ਼ੁਰੂਆਤ ਕੀਤੀ ਤੇ " ਇੱਕ ਕਰੁੱਤੀ ਚੀਸ ਦੇ ਰਬਰੂ" ਨਜਮ ਪੇਸ਼ ਕੀਤੀ । ਡਾ. ਆਂਚਲ ਅਰੋੜਾ ਜੀ ਨੇ ਸ਼ਿਵ ਬਾਰੇ ਆਪਣੀ ਲਿਖੀ ਕਵਿਤਾ ਪੜ੍ਹੀ ਅਤੇ ਸ਼ਿਵ ਦੀ ਰਚਨਾ , " ਮੈਨੂੰ ਤੇਰਾ ਸ਼ਬਾਬ ਲੈ ਬੈਠਾ"ਤਰੰਨਮ ਵਿੱਚ ਸੁਣਾਈ । ਅਨੰਤ ਕੌਰ ਜੀ ਨੇ ਤਰੰਨਮ ਵਿੱਚ " ਅੰਮੀਏ ਨੀ "ਕਵਿਤਾ ਪੇਸ਼ ਕੀਤੀ । ਦਲਜੀਤ ਸਿੰਘ ਜੀ ਨੇ ਬਹੁਤ ਹੀ ਭਾਵਪੂਰਤ ਸ਼ਬਦਾਂ ਵਿੱਚ ਸ਼ਿਵ ਕੁਮਾਰ ਬਾਰੇ ਲਿਖੀ ਆਪਣੀ ਰਚਨਾ " ਆਰਤੀ " ਤਰੰਨਮ ਵਿਚ ਸੁਣਾਈ ।ਬਲਜਿੰਦਰ ਕੌਰ ਨੇ ਸ਼ਿਵ ਦੀ ਰਚਨਾ " ਜਦ ਪੈਣ ਕਪਾਹੀਂ ਫੁੱਲ ਵੇ" ਬਹੁਤ ਹੀ ਭਾਵੁਕ ਅੰਦਾਜ਼ ਵਿੱਚ ਗਾ ਕੇ ਪੇਸ਼ ਕੀਤੀ । ਹਰਵਿੰਦਰ ਸਿੰਘ ਹਰ ਜੀ ਨੇ ਆਪਣੀ ਤਰੰਨਮ ਮਈ ਸੁਰ ਵਿੱਚ ਸ਼ਿਵ ਦਾ ਗੀਤ"ਜਿੱਥੇ ਇਤਰਾ ਦੇ ਵਗਦੇ ਨੇ ਚੋਅ" ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ । ਨਰਿੰਦਰ ਕੌਰ ਜੀ ਨੇ ਆਪਣੀ ਇੱਕ ਕਵਿਤਾ ਤੇ ਸ਼ਿਵ ਦੀ ਰਚਨਾ " ਵਾਸਤਾ ਈ ਮੇਰਾ" ਤਰੰਨਮ ਵਿੱਚ ਪੇਸ਼ ਕੀਤੀ । ਵਰਿੰਦਰ ਸਿੰਘ ਪਾਸਟਾ ਜੀ ਨੇ ਵੀ ਆਪਣੀ ਰਚਨਾ " ਅਣਗੌਲੇ ਹਾਸੇ" ਪੇਸ਼ ਕੀਤੀ । ਦਵਿੰਦਰ ਕੌਰ ਢਿੱਲੋਂ ਨੇ ਸ਼ਿਵ ਦੀ ਰਚਨਾ ," ਰੋਗ ਬਣ ਕੇ ਰਹਿ ਗਿਆ .." ਤਰੰਨਮ ਵਿੱਚ ਪੇਸ਼ ਕਰ ਕੇ ਆਪਣੀ ਹਾਜ਼ਰੀ ਲਵਾਈ । ਸੁਖਦੀਪ ਬਿਰਧਨੋ ਨੇ ਬਹੁਤ ਹੀ ਸੁਰੀਲੀ ਤੇ ਵੈਰਾਗਮਈ ਧੁਨ ਵਿੱਚ ਸ਼ਿਵ ਕੁਮਾਰ ਦਾ ਗੀਤ ," ਭੱਠੀ ਵਾਲੀਏ" ਗੀਤ ਪੇਸ਼ ਕੀਤਾ। ਲਾਹੌਰ ਤੋਂ ਸਰਵਤ ਮਹੱਓਦੀਨ ਨੇ ਸ਼ਿਵ ਨਾਲ ਆਪਣੀ ਸਾਂਝ ਜਤਾਉਂਦਿਆਂ ਦੱਸਿਆ ਕਿ ਉਸਦੇ ਸਹੁਰਿਆਂ ਦਾ ਪਿਛੋਕੜ ਬਟਾਲੇ ਦਾ ਸੀ ਤੇ ਉਹਨਾਂ ਸ਼ਿਵ ਦੀ ਰਚਨਾ " ਰੁੱਖ" ਤੇ ਆਪਣੀ ਰਚਨਾ ਸਰੋਤਿਆਂ ਨਾਲ ਸਾਂਝੀ ਕੀਤੀ । ਹਰਜੀਤ ਭੰਵਰਾ ਜੀ ਨੇ , ਸ਼ਿਵ ਦੀ ਰਚਨਾ ,"ਮੈਂ ਇੱਕ ਸ਼ਿਕਰਾ ਯਾਰ ਬਣਾਇਆ " ਤੁਰਨਮ ਵਿਚ ਪੇਸ਼ ਕੀਤੀ ।

ਕਾਵਿ ਮਿਲਣੀ ਦੇ ਮੁੱਖ ਮਹਿਮਾਨਾਂ ਵਿੱਚ ਸ਼ਾਮਲ , ਡਾ. ਹਰੀਸ਼ ਗਰੋਵਰ ਨੇ ਆਪਣੀ ਰਚਨਾ " ਇਸ਼ਕ ਨੇ ਇਸ਼ਕ ਹੀ ਰਹਿਣਾ" ਸਰੋਤਿਆਂ ਨਾਲ ਸਾਂਝੀ ਕੀਤੀ। ਵਾਹਿਦ ਜੀ ਨੇ ਆਪਣੀਆਂ ਗ਼ਜ਼ਲਾਂ ਦੇ ਸ਼ੇਅਰ ਸਰੋਤਿਆਂ ਨਾਲ ਸਾਂਝੇ ਕੀਤੇ। ਅਮਰੀਕਾ ਵੱਸਦੇ ਸ਼ਾਇਰ ਰਾਜ ਲਾਲੀ ਬਟਾਲਾ ਜੀ ਨੇ ਆਪਣੀ ਰਚਨਾ ," ਨੇਰ੍ਹਿਆ ਤੇ ਬੱਦਿਸਾ ਵਿੱਚ ਜੀ ਰਹੀ ਏ ਪੌਣ ਕਿਉ" ਤੇ " ਇਕ ਕਹਾਣੀ "ਤਰੰਨਮ ਵਿੱਚ ਸੁਣਾ ਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ।

ਸਮੁੱਚੀ ਕਾਵਿ ਮਿਲਣੀ ਨੂੰ ਡਾ. ਅਮਰਜੀਤ ਸਿੰਘ ਕੌਂਕੇ ਜੋ ਕਿ ਉੱਘੇ ਸ਼ਾਇਰ ਹਨ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਲਾਹਕਾਰ ਵੀ ਹਨ ਨੇ ਆਪਣੇ ਮੁੱਲਵਾਨ ਸ਼ਬਦਾਂ ਨਾਲ ਸੰਖੇਪ ਰੂਪ ਵਿੱਚ ਪੇਸ਼ ਕਰਦਿਆਂ ਕਿਹਾ ਕਿ ਸ਼ਿਵ ਕੁਮਾਰ ਬਟਾਲਵੀ ਵਰਗੇ ਵੱਡੇ ਸ਼ਾਇਰ ਦੀ ਯਾਦ ਵਿੱਚ ਇਹ ਪ੍ਰੋਗਰਾਮ ਬਹੁਤ ਹੀ ਵਿਲੱਖਣ ਰਿਹਾ ਹੈ ਤੇ ਸ਼ਿਵ ਕੁਮਾਰ ਨੂੰ ਭਾਵੇਂ ਗਿਆ 53 ਸਾਲ ਹੋ ਚੁੱਕੇ ਹਨ ਪਰ ਉਹ ਲੋਕ ਮਨਾਂ ਵਿਚ ਵੱਸਦਾ ਹੈ ਤੇ ਵੱਸਦਾ ਰਹੇਗਾ। ਸਾਰੇ ਹੀ ਸ਼ਾਇਰਾਂ ਨੇ ਰੂਹ ਤੋਂ ਭਿੱਜ ਕੇ ਸ਼ਿਵ ਨੂੰ ਯਾਦ ਕੀਤਾ ਤੇ ਸ਼ਿੱਦਤ ਨਾਲ ਗਾਇਆ ਹੈ। ਉਹਨਾਂ ਪਿਆਰਾ ਸਿੰਘ ਕੁੱਦੋਵਾਲ ਦੀ ਸੰਚਾਲਨ ਕਲਾ ਨੂੰ ਵੀ ਸਲਾਹਿਆ ਤੇ ਸਿਜਦਾ ਕੀਤਾ। ਸੱਚਮੁੱਚ ਸ . ਪਿਆਰਾ ਸਿੰਘ ਕੁੱਦੋਵਾਲ ਜੀ ਦਾ ਮੰਚ ਸੰਚਾਲਨ ਕਾਬਿਲੇ ਤਾਰੀਫ਼ ਸੀ । ਸਤਿੰਦਰ ਕੌਰ ਕਾਹਲੋ ਜੋ ਕਿ ਸ਼ਿਵ ਕੁਮਾਰ ਦੇ ਸ਼ਹਿਰ ਬਟਾਲਾ ਤੋਂ ਹਨ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਬਟਾਲੇ ਸ਼ਿਵ ਕੁਮਾਰ ਯਾਦਗਾਰੀ ਕੇਂਦਰ ਵਿੱਚ ਲਾਇਬਰੇਰੀ ਬਣ ਰਹੀ ਹੈ ਤੇ ਨੌਜਵਾਨਾਂ ਨੂੰ ਸਾਹਿਤ ਰਚਨਾ ਨਾਲ ਜੋੜਿਆ ਜਾ ਰਿਹਾ ਹੈ। ਡਾ. ਬਲਜੀਤ ਕੌਰ ਰਿਆੜ ਨੇ ਵੀ ਦੱਸਿਆ ਕਿ ਉਹ ਵੀ ਬਟਾਲੇ ਨਾਲ ਸਬੰਧਿਤ ਹਨ ਉਹਨਾਂ ਕਿਹਾ ਕਿ ਪੰਜਾਬੀ ਸਾਹਿਤਕ ਜਗਤ ਵਿੱਡ ਸ਼ਿਵ ਕੁਮਾਰ ਬਟਾਲਵੀ ਦਾ ਗੁਣਾਤਮਕ ਤੇ ਗਿਣਾਤਮਕ ਦੋਹਾਂ ਪੱਖਾਂ ਤੋਂ ਯੋਗਦਾਨ ਹੈ। "ਲੂਣਾ " ਦੇ ਪ੍ਰਸੰਗ ਵਿੱਚ ਉਹਨਾਂ ਨੇ ਕਿਹਾ ਕਿ ਕਿ ਲੂਣਾ ਦੇ ਜਜ਼ਬਿਆਂ ਦੇ ਪ੍ਰਸੰਗ ਵਿੱਚ ਸ਼ਿਵ ਨੇ ਸਮਾਜ ਨੂੰ ਚੁਣੌਤੀ ਦਿੱਤੀ। ਗੁਰਚਰਨ ਸਿੰਘ ਜੋਗੀ ਜੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਦੀ ਕਾਵਿ ਮਿਲਣੀ ਨੇ ਸਭ ਨੂੰ ਸਰਸ਼ਾਰ ਕੀਤਾ ਹੈ। ਪ੍ਰੋ ਪਵਨ ਕੁਮਾਰ ਖਿੱਚੀ ਜੀ ਨੇ ਸ਼ਿਵ ਕੁਮਾਰ ਬਾਰੇ ਲਿਖੀ ਕਵਿਤਾ ਸੁਣਾਈ । ਕਾਵਿ ਮਿਲਣੀ ਦੇ ਅੰਤ ਤੇ ਰਮਿੰਦਰ ਵਾਲੀਆ ਜੀ ਨੇ ਸਾਰੀਆਂ ਸ਼ਾਮਿਲ ਸ਼ਖ਼ਸੀਅਤਾਂ ਦਾ ਸ਼ਿਰਕਤ ਕਰਨ ਲਈ ਤਹਿ ਦਿਲੋਂ ਸ਼ੁਕਰੀਆ ਕੀਤਾ ।ਮੀਟਿੰਗ ਵਿਚ ਹਾਜ਼ਰ ਹਰ ਸ਼ਖ਼ਸੀਅਤ ਨੇ ਰਮਿੰਦਰ ਵਾਲੀਆ ਜੀ ਦੀ ਮਿਹਨਤ ਨੂੰ ਸਿੱਜਦਾ ਕਰਦਿਆਂ ਉਹਨਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ । ਸ਼ਿਵ ਕੁਮਾਰ ਯਾਦਗਾਰੀ ਕਾਵਿ ਮਿਲਣੀ ਨੂੰ ਬਹੁਤ ਸਾਰੀਆਂ ਦੇਸ਼ ਵਿਦੇਸ਼ ਤੋਂ ਜੁੜੀਆਂ ਅਦਬੀ ਸ਼ਖ਼ਸੀਅਤਾਂ ਵੱਲੋਂ ਜ਼ੂਮ ਐਪ ਅਤੇ ਫ਼ੇਸ ਬੁੱਕ ਮਾਧਿਅਮ ਨਾਲ ਹਾਜ਼ਰ ਰਹਿਕੇ ਅਨੰਦ ਮਾਣਿਆ। ਡਾ . ਰਾਜਬੀਰ ਕੌਰ ਗਰੇਵਾਲ , ਰਿੰਟੂ ਭਾਟੀਆ ਜੀ , ਡਾ . ਅਮਰ ਜੋਤੀ ਮਾਂਗਟ , ਸਤਬੀਰ ਸਿੰਘ ਜੀ , ਗੁਰਚਰਨ ਸਿੰਘ ਜੋਗੀ , ਹਰਭਜਨ ਕੌਰ ਗਿੱਲ , ਅੰਮ੍ਰਿਤਾ ਦਰਸ਼ਨ ਤੇ ਹੋਰ ਬਹੁਤ ਸਾਰੀਆਂ ਅਦਬੀ ਸ਼ਖ਼ਸੀਅਤਾਂ ਨੇ ਇਸ ਪ੍ਰੋਗ੍ਰਾਮ ਵਿਚ ਹਾਜ਼ਰੀ ਭਰੀ ।

ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਆਪਣੇ ਕੀਮਤੀ ਸਮੇਂ ਵਿੱਚ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਚੈਟ ਬਾਕਸ ਵਿੱਚ ਅਤੇ ਪਰਸਨਲ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਮੈਸੇਜ ਕਰਕੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ । ਮੈਡਮ ਡਾ . ਸਰਬਜੀਤ ਕੌਰ ਸੋਹਲ ਚੇਅਰਪਰਸਨ ਜੀ ਦਾ ਵੀ ਮੈਸੇਜ ਆ ਗਿਆ ਸੀ ਕਿ ਉਹ ਯੂਰੋਪ ਤੋਂ ਬਾਰ ਬਾਰ ਜੁਆਇਨ ਕਰਨ ਦੀ ਕੋਸ਼ਿਸ਼ ਰਹੇ ਸਨ ਪਰ ਜੁਆਇਨ ਨਹੀਂ ਕਰ ਸਕੇ । ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ । ਡਾ . ਪੁਸ਼ਵਿੰਦਰ ਜੀ ਬਾਕਮਾਲ ਰਿਪੋਰਟ ਲਿਖਦੇ ਹਨ

## ਵਿਸ਼ਵ ਯੁਵਾ ਹੁਨਰ ਦਿਵਸ ਮੌਕੇ ਐਨ ਸੀ ਸੀ ਕੈਡੇਟਾਂ ਦਾ ਗਡਵਾਸੂ ਦੌਰਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 15 ਜੁਲਾਈ : ਵਿਸ਼ਵ ਯੁਵਾ ਹੁਨਰ ਦਿਵਸ ਦੇ ਮੌਕੇ 'ਤੇ 3 ਪੰਜਾਬ ਗਰਲਜ਼ ਬਟਾਲਿਅਨ ਐਨਸੀਸੀ, ਲੁਧਿਆਣਾ ਦੀਆਂ 50 ਐਨਸੀਸੀ ਗਰਲ ਕੈਡੇਟਾਂ ਨੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਦਾ ਵਿਦਿਅਕ ਦੌਰਾ ਕੀਤਾ।

ਇਸ ਦੌਰੇ ਦਾ ਉਦੇਸ਼ ਕੈਡੇਟਾਂ ਨੂੰ ਪਸ਼ੂ ਪਾਲਣ ਅਤੇ ਡੇਅਰੀ ਫਾਰਮਿੰਗ ਨਾਲ ਸੰਬੰਧਿਤ ਵਿਹਾਰਕ ਜਾਣਕਾਰੀ ਅਤੇ ਹੁਨਰ-ਅਧਾਰਿਤ ਸਿੱਖਿਆ ਪ੍ਰਦਾਨ ਕਰਨਾ ਸੀ। ਦੌਰੇ ਦੌਰਾਨ ਕੈਡੇਟਾਂ ਨੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕੀਤਾ ਅਤੇ ਮਾਹਿਰਾਂ ਤੋਂ ਆਧੁਨਿਕ ਪਸ਼ੂ ਪਾਲਣ, ਵਿਗਿਆਨਕ ਡੇਅਰੀ ਉਤਪਾਦਨ ਅਤੇ ਪਸ਼ੂ ਚਿਕਿਤਸਾ ਖੇਤਰ ਵਿੱਚ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਮਾਹਿਰਾਂ ਨੇ ਕੈਡੇਟਾਂ ਨੂੰ ਆਧੁਨਿਕ ਤਕਨਾਲੋਜੀ ਅਤੇ ਨਵੀਨਤਾਵਾਂ ਨਾਲ ਵੀ ਜਾਣੂ ਕਰਵਾਇਆ।

3 ਪੰਜਾਬ ਗਰਲਜ਼ ਬਟਾਲਿਅਨ ਐਨਸੀਸੀ, ਲੁਧਿਆਣਾ ਦੇ ਕਮਾਂਡਿੰਗ ਅਫ਼ਸਰ ਕਰਨਲ ਆਰ. ਐਸ. ਚੌਹਾਨ ਨੇ ਕਿਹਾ ਕਿ ਅਜਿਹੇ ਵਿਦਿਅਕ ਦੌਰਿਆਂ ਦਾ ਮਕਸਦ ਕੈਡੇਟਾਂ ਨੂੰ ਕਲਾਸਰੂਮ ਤੋਂ ਬਾਹਰ ਵਿਹਾਰਕ ਤਜਰਬਾ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਹੁਨਰ, ਆਤਮ-ਵਿਸ਼ਵਾਸ ਅਤੇ ਕਰੀਅਰ ਸੰਬੰਧੀ ਜਾਣਕਾਰੀ ਵਿੱਚ ਵਾਧਾ ਕਰਨਾ ਹੈ। ਉਨ੍ਹਾਂ ਕਿਹਾ ਕਿ ਹੁਨਰ ਵਿਕਾਸ ਨੌਜਵਾਨਾਂ ਨੂੰ ਆਤਮਨਿਰਭਰ ਬਣਨ ਅਤੇ ਦੇਸ਼ ਦੇ ਵਿਕਾਸ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦਾ ਹੈ।

ਇਸ ਦੌਰੇ ਦਾ ਸਮਨਵਯ ਕਰਨਲ ਏ. ਐਸ. ਰਾਓ, ਆਫ਼ਿਸਰ ਕਮਾਂਡਿੰਗ, 1 ਪੰਜਾਬ ਆਰ ਐਂਡ ਵੀ ਸਕੁਐਡਰਨ ਐਨਸੀਸੀ, ਲੁਧਿਆਣਾ ਵੱਲੋਂ ਕੀਤਾ ਗਿਆ। ਉਨ੍ਹਾਂ ਦੀ ਅਗਵਾਈ ਹੇਠ ਕੈਡੇਟਾਂ ਨੂੰ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰਨ ਅਤੇ ਆਧੁਨਿਕ ਤਕਨੀਕਾਂ ਨੂੰ ਨਜ਼ਦੀਕ ਤੋਂ ਸਮਝਣ ਦਾ ਮੌਕਾ ਮਿਲਿਆ।

ਕੈਡੇਟਾਂ ਨੇ ਇਸ ਦੌਰੇ ਨੂੰ ਬਹੁਤ ਹੀ ਗਿਆਨਵਰਧਕ ਅਤੇ ਪ੍ਰੇਰਣਾਦਾਇਕ ਦੱਸਿਆ ਅਤੇ ਆਧੁਨਿਕ ਪਸ਼ੂ ਪਾਲਣ ਅਤੇ ਡੇਅਰੀ ਪ੍ਰਬੰਧਨ ਪ੍ਰਣਾਲੀਆਂ ਨੂੰ ਨੇੜੇ ਤੋਂ ਦੇਖਣ ਦਾ ਅਨੁਭਵ ਸਾਂਝਾ ਕੀਤਾ। ਇਹ ਪ੍ਰੋਗਰਾਮ ਵਿਸ਼ਵ ਯੁਵਾ ਹੁਨਰ ਦਿਵਸ ਦੀ ਭਾਵਨਾ ਅਨੁਸਾਰ ਨੌਜਵਾਨਾਂ ਵਿੱਚ ਹੁਨਰ ਵਿਕਾਸ, ਸਵੈ-ਰੋਜ਼ਗਾਰ, ਨਵੀਨਤਾ ਅਤੇ ਖੇਤੀਬਾੜੀ ਨਾਲ ਸੰਬੰਧਿਤ ਖੇਤਰਾਂ ਵਿੱਚ ਕਰੀਅਰ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਸਫਲ ਰਿਹਾ।

## ਪੀ.ਏ.ਯੂ. ਮਾਹਿਰਾਂ ਨੇ ਨਰਮੇ ਦੀ ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ ਦੇ ਸੁਝਾਅ ਕਿਸਾਨਾਂ ਨੂੰ ਦਿੱਤੇ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 15 ਜੁਲਾਈ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਇੰਸਦਾਨਾਂ ਵਲੋ ਨਰਮੇ ਪੱਟੀ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ| ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਨਰਮੇ ਦੇ ਕੁਝ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਘੱਟੋ-ਘੱਟ ਪੱਧਰ (6 ਮੱਖੀ ਪ੍ਰਤੀ ਪੱਤਾ) ਤੋਂ ਉੱਪਰ ਪਾਇਆ ਗਿਆ| ਹਾਲਾਂਕਿ ਜ਼ਿਆਦਾਤਾਰ ਖੇਤਾਂ ਵਿੱਚ ਚਿੱਟੀ ਮੱਖੀ ਦੀ ਜਨਸੰਖਿਆ ਘੱਟ ਹੈ ਪਰ ਅੱਜ ਕੱਲ ਦੇ ਮੌਸਮ ਦੇ ਅਨੁਕੂਲ ਹੋਣ ਕਰਕੇ ਇਨ੍ਹਾਂ ਦੀ ਜਨਸੰਖਿਆ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ| ਨਰਮੇ ਬਾਰੇ ਕੀਟ ਵਿਗਿਆਨ ਮਾਹਿਰ ਡਾ. ਵਿਜੇ ਕੁਮਾਰ ਨੇ ਕਿਸਾਨਾਂ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ| ਚਿੱਟੀ ਮੱਖੀ ਦੇ ਬੱਚੇ ਅਤੇ ਬਾਲਗ ਦੋਵੇਂ ਪੱਤਿਆਂ ਤੋਂ ਰਸ ਚੂਸਦੇ ਹਨ, ਜਿਸ ਦੇ ਸਿੱਟੇ ਵਜੋਂ ਪੱਤੇ ਪੀਲੇ ਪੇ ਜਾਂਦੇ ਹੈ ਅਤੇ ਪੱਤੇ ਦੇ ਉੱਪਰਲੇ ਹਿੱਸੇ ਤੇ ਆਪਣਾ ਮੱਲ ਤਿਆਗ (ਚਿਪਚਿਪਾ) ਕਰਦੇ ਹਨ ਜਿਸ ਉੱਪਰ ਬਾਅਦ ਵਿੱਚ ਕਾਲੀ ਉੱਲੀ ਲੱਗ ਜਾਂਦੀ ਹੈ| ਇਹ ਮੱਖੀ ਨਰਮੇ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਵੀ ਫੈਲਾਉਂਦੀ ਹੈ| ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ ਲਈ ਛਿੜਕਾਅ ਉਸ ਸਮੇ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ| ਇਸ ਦੇ ਸਰਵੇਖਣ ਲਈ ਇੱਕ ਏਕੜ ਖੇਤ ਵਿੱਚੋਂ 10 ਬੂਟਿਆਂ ਦੀ ਚੋਣ ਕਰੋ ਅਤੇ ਇੱਕ ਬੂਟੇ ਦੇ ਉੱਪਰਲੀ ਛੱਤਰੀ ਦੇ ਤਿੰਨ ਪੱਤਿਆਂ ਤੋਂ ਚਿੱਟੀ ਮੱਖੀ ਦੀ ਗਿਣਤੀ ਕਰੋ| ਜੇਕਰ 6 ਚਿੱਟੀ ਮੱਖੀ ਪ੍ਰਤੀ ਪੱਤਾ ਨਜ਼ਰ ਆਵੇ ਤਾਂ ਹੇਠਾ ਦੱਸੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ|

ਚਿੱਟੀ ਮੱਖੀ ਦੇ ਹਮਲੇ ਹੋਣ ਤੇ ਸ਼ੁਰੂਆਤੀ ਅਵਸਥਾ ਵਿੱਚ ਇੱਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਜਾਂ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ.ਏ.ਯੂ. ਦੁਆਰਾ ਤਿਆਰ ਗਿਆ ਨਿੰਮ ਦਾ ਘੋਲ ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ| ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲਿਟਰ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 800 ਮਿਲੀਲਿਟਰ ਫੋਸਮਾਈਟ/ਈ-ਮਾਈਟ/ਵਾਲਥੀਆਨ/ਗੋਲਡ ਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ| ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ|

ਇਸ ਸੰਬੰਧੀ ਕੁਝ ਹੋਰ ਜ਼ਰੂਰੀ ਸੁਝਾਅ ਦਿੰਦਿਆਂ ਮਾਹਿਰਾਂ ਨੇ ਕਿਹਾ ਕਿ ਨਰਮੇ ਦੀ ਫਸਲ ਨੂੰ ਸੋਕਾ ਨਾ ਲਗੱਣ ਦਿਓ, ਕਿਉਕਿ ਸੋਕੇ ਵਿੱਚ ਫਸਲ ਤੇ ਵੀ ਇਸ ਕੀੜੇ ਦਾ ਹਮਲਾ ਵਧੇਰੇ ਹੁੰਦਾ ਹੈ|ਨਾਈਟ੍ਰੋਜਨ ਖਾਦ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਚਿੱਟੀ ਮੱਖੀ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ| ਨਰਮੇ ਤੋ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਖੀਰਾ, ਚੱਪਣ ਕੱਦੂ, ਤਰ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ 'ਤੇ ਵੀ ਪਾਇਆ ਜਾਂਦਾ ਹੈ ਇਸ ਲਈ ਇਨ੍ਹਾਂ ਫਸਲਾਂ ਉੱਪਰ ਅਤੇ ਨਰਮੇ ਉੱਪਰ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਲੌੜ ਮੁਤਾਬਿਕ ਰੋਕਥਾਮ ਕਰੋ| ਘੱਟ ਲਾਗਤ ਵਾਲੇ ਪੀਲੇ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿੱਚ ਲਗਾਓ ਜੋ ਕਿ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਵਿੱਚ ਸਹਾਇਕ ਹਨ

## ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵੱਲੋਂ ਪਹਿਲੀ ਵਾਰ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਜਾਰੀ।

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ




ਫ਼ਰੀਦਕੋਟ 15 ਜੁਲਾਈ : ਅਕਾਦਮਿਕ ਪਾਰਦਰਸ਼ਤਾ, ਗੁਣਵੱਤਾ ਭਰੋਸਾ ਅਤੇ ਵਿਦਿਆਰਥੀ-ਕੇਂਦਰਿਤ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਬੀ.ਐਫ.ਯੂ.ਐੱਚ.ਐੱਸ.), ਫਰੀਦਕੋਟ ਵੱਲੋਂ ਪਹਿਲੀ ਵਾਰ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਜਾਰੀ ਕੀਤੀ ਗਈ ਹੈ। ਇਸ ਵਿਸਤ੍ਰਿਤ ਪ੍ਰਕਾਸ਼ਨ ਵਿੱਚ ਯੂਨੀਵਰਸਿਟੀ ਅਧੀਨ ਚਲਾਏ ਜਾ ਰਹੇ ਸਮੂਹ ਅਕਾਦਮਿਕ ਕੋਰਸਾਂ ਬਾਰੇ ਪ੍ਰਮਾਣਿਕ, ਨਵੀਨਤਮ ਅਤੇ ਆਸਾਨੀ ਨਾਲ ਉਪਲਬਧ ਜਾਣਕਾਰੀ ਇੱਕੋ ਥਾਂ ਮੁਹੱਈਆ ਕਰਵਾਈ ਗਈ ਹੈ।

ਇਸ ਪ੍ਰਕਾਸ਼ਨ ਨੂੰ ਜਾਰੀ ਕਰਦਿਆਂ ਯੂਨੀਵਰਸਿਟੀ ਦੇ ਮਾਨਯੋਗ ਵਾਈਸ-ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ, ਪਾਰਦਰਸ਼ਤਾ ਅਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਕਾਸ਼ਨ ਵਿਦਿਆਰਥੀਆਂ, ਮਾਪਿਆਂ, ਸਿੱਖਿਆ ਸੰਸਥਾਵਾਂ ਅਤੇ ਹੋਰ ਸਾਰੇ ਹਿੱਸੇਦਾਰਾਂ ਲਈ ਇੱਕ ਭਰੋਸੇਯੋਗ ਮਾਰਗਦਰਸ਼ਕ ਵਜੋਂ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਵੱਖ-ਵੱਖ ਕੋਰਸਾਂ, ਯੋਗਤਾ, ਦਾਖਲਾ ਪ੍ਰਕਿਰਿਆ, ਕੋਰਸ ਦੀ ਮਿਆਦ, ਸੰਬੰਧਤ ਕਾਲਜਾਂ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਪ੍ਰੋ. ਸੂਦ ਨੇ ਕਿਹਾ ਕਿ ਸਿੱਖਿਆ ਗਿਆਨ, ਨਵੀਨਤਾ ਅਤੇ ਰਾਸ਼ਟਰ ਨਿਰਮਾਣ ਦੀ ਬੁਨਿਆਦ ਹੈ। ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) 2020 ਦੇ ਉਦੇਸ਼ਾਂ ਅਨੁਸਾਰ ਬੀ.ਐਫ.ਯੂ.ਐੱਚ.ਐੱਸ. ਗੁਣਵੱਤਾ ਭਰਪੂਰ ਸਿੱਖਿਆ, ਬਹੁ-ਵਿਸ਼ਾਗਤ ਅਧਿਐਨ, ਖੋਜ, ਨਵੀਨਤਾ ਅਤੇ ਹੁਨਰ-ਆਧਾਰਿਤ ਸਿਖਲਾਈ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੀ ਹੈ, ਤਾਂ ਜੋ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਰੱਥ ਅਤੇ ਕੁਸ਼ਲ ਮਨੁੱਖੀ ਸੰਸਾਧਨ ਤਿਆਰ ਕੀਤੇ ਜਾ ਸਕਣ।

ਵਾਈਸ-ਚਾਂਸਲਰ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਸਿਰਫ਼ ਇੱਕ ਪ੍ਰਾਸਪੈਕਟਸ ਨਹੀਂ ਹੈ, ਸਗੋਂ ਇਹ ਇੱਕ ਮਹੱਤਵਪੂਰਨ ਨੀਤੀ ਦਸਤਾਵੇਜ਼ ਹੈ, ਜਿਸ ਦਾ ਉਦੇਸ਼ ਅਕਾਦਮਿਕ ਪਾਰਦਰਸ਼ਤਾ ਨੂੰ ਹੋਰ ਮਜ਼ਬੂਤ ਕਰਨਾ, ਵਿਦਿਆਰਥੀਆਂ ਨੂੰ ਸਹੀ ਅਤੇ ਪ੍ਰਮਾਣਿਕ ਜਾਣਕਾਰੀ ਦੇ ਆਧਾਰ 'ਤੇ ਆਪਣੇ ਅਕਾਦਮਿਕ ਭਵਿੱਖ ਬਾਰੇ ਸੂਝ-ਬੂਝ ਨਾਲ ਫ਼ੈਸਲੇ ਲੈਣ ਵਿੱਚ ਸਹਾਇਤਾ ਕਰਨਾ ਅਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਯੂਨੀਵਰਸਿਟੀ ਪ੍ਰਤੀ ਭਰੋਸਾ ਹੋਰ ਮਜ਼ਬੂਤ ਕਰਨਾ ਹੈ।

ਪ੍ਰੋ. ਸੂਦ ਨੇ ਇਸ ਪ੍ਰਕਾਸ਼ਨ ਨੂੰ ਤਿਆਰ ਕਰਨ ਵਿੱਚ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ (IQAC), ਯੂਨੀਵਰਸਿਟੀ ਦੇ ਸੰਵਿਧਾਨਕ ਅਤੇ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਂਝੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪਹਿਲ ਯੂਨੀਵਰਸਿਟੀ ਦੀ ਗੁਣਵੱਤਾ, ਜਵਾਬਦੇਹੀ, ਸਹਿਯੋਗ ਅਤੇ ਨਿਰੰਤਰ ਸੰਸਥਾਗਤ ਸੁਧਾਰ ਦੀ ਕਾਰਜ-ਸੰਸਕ੍ਰਿਤੀ ਨੂੰ ਦਰਸਾਉਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦਾ ਪ੍ਰਕਾਸ਼ਨ ਇੱਕ ਵਿਸ਼ਾਲ ਸੰਸਥਾਗਤ ਪਹਿਲ ਦੀ ਸ਼ੁਰੂਆਤ ਹੈ, ਜਿਸ ਤਹਿਤ ਆਈ.ਕਿਊ.ਏ.ਸੀ. ਵੱਲੋਂ ਅਕਾਦਮਿਕ ਅਤੇ ਪ੍ਰਸ਼ਾਸਨਿਕ ਖੇਤਰਾਂ ਨਾਲ ਸਬੰਧਤ ਲਗਭਗ 20 ਵਿਸਤ੍ਰਿਤ ਨੀਤੀ ਦਸਤਾਵੇਜ਼ ਤਿਆਰ ਕਰਕੇ ਜਾਰੀ ਕੀਤੇ ਜਾਣਗੇ। ਇਨ੍ਹਾਂ ਨੀਤੀ ਦਸਤਾਵੇਜ਼ਾਂ ਨਾਲ ਯੂਨੀਵਰਸਿਟੀ ਦੇ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਬਣਾਉਣ, ਅਕਾਦਮਿਕ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ ਇੱਕਸਾਰਤਾ ਲਿਆਉਣ, ਗੁਣਵੱਤਾ ਭਰੋਸਾ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਯੂਨੀਵਰਸਿਟੀ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗੁਣਵੱਤਾ ਮਾਪਦੰਡਾਂ ਦੇ ਅਨੁਕੂਲ ਬਣਾਉਣ ਵਿੱਚ ਮਦਦ ਮਿਲੇਗੀ।

ਇਸ ਪਹਿਲ ਦੀ ਸਫਲਤਾ ਪ੍ਰਤੀ ਵਿਸ਼ਵਾਸ ਪ੍ਰਗਟ ਕਰਦਿਆਂ ਵਾਈਸ-ਚਾਂਸਲਰ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦਾ ਇਹ ਪਹਿਲਾ ਸੰਸਕਰਣ ਵਿਦਿਆਰਥੀਆਂ, ਸਿੱਖਿਆ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਲਈ ਇੱਕ ਮਹੱਤਵਪੂਰਨ ਸੰਦਰਭ ਦਸਤਾਵੇਜ਼ ਸਾਬਤ ਹੋਵੇਗਾ। ਉਨ੍ਹਾਂ ਅਕਾਦਮਿਕ ਭਾਈਚਾਰੇ, ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਭਵਿੱਖ ਦੇ ਸੰਸਕਰਣਾਂ ਅਤੇ ਹੋਰ ਨੀਤੀ ਦਸਤਾਵੇਜ਼ਾਂ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਅਤੇ ਫੀਡਬੈਕ ਦੇਣ ਦਾ ਵੀ ਸੱਦਾ ਦਿੱਤਾ।

ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦੇ ਇਸ ਪਹਿਲੇ ਸੰਸਕਰਣ ਦੇ ਜਾਰੀ ਹੋਣ ਨਾਲ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੇ ਅਕਾਦਮਿਕ ਉੱਤਮਤਾ, ਪਾਰਦਰਸ਼ਤਾ, ਗੁਣਵੱਤਾ ਭਰੋਸਾ ਅਤੇ ਦੇਸ਼ ਵਿੱਚ ਸਿਹਤ ਸਿੱਖਿਆ ਦੇ ਸਰਵਪੱਖੀ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਦੁਹਰਾਇਆ ਹੈ।